16

ਦਫਤਰ ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਐਸ.ਏ.ਐਸ. ਨਗਰ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।
ਸਮੂਹ ਪ੍ਰਿੰਸੀਪਲ, ਡਾਇਟਸ, ਪੰਜਾਬ।
ਸਮੂਹ ਸਕੂਲ ਮੁੱਖੀ, ਪੰਜਾਬ (ਵੈਬਸਾਇਟ ਰਾਹੀਂ)।

3027
29/8/17

ਮੀਮੋ ਨੰ: 1/10-SSS-2017,
ਮਿਤੀ:ਚੰਡੀਗੜ੍ਹ 29.8.2017

ਵਿਸ਼ਾ:- **B.Ed/E.T.T.(D.El.Ed.)** ਦੀ ਟ੍ਰੇਨਿੰਗ ਲਈ ਸਕੂਲਾਂ ਵਿੱਚ ਲਗਾਈ ਜਾਂਦੀ ਟੀਚਿੰਗ ਪ੍ਰੈਕਟਿਸ ਸਬੰਧੀ।

ਇਹ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ **B.Ed/E.T.T.(D.El.Ed.)** ਦੀਆਂ ਟ੍ਰੇਨਿੰਗ ਸੰਸਥਾਵਾਂ ਵਿਸ਼ੇਸ਼ਕਰ ਪ੍ਰਾਈਵੇਟ ਕਾਲਜਾਂ ਵੱਲੋਂ ਆਪਣੇ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਦੇਣ ਲਈ ਵੱਖ ਵੱਖ ਸਕੂਲ ਅਲਾਟ ਕੀਤੇ ਜਾਂਦੇ ਹਨ। ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਸਕੂਲਾਂ ਦੀ ਅਲਾਟਮੈਂਟ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਦੀ ਪ੍ਰਵਾਨਗੀ ਨਾਲ ਹੁੰਦੀ ਹੈ ਪਰੰਤੂ ਇਸ ਦੇ ਵਿੱਚ ਕੋਈ ਵੀ ਤਰਕ-ਸੰਗਤਾ ਨਹੀਂ ਹੁੰਦੀ। ਕਈ ਸਕੂਲਾਂ ਦੇ ਵਿੱਚ 5 ਤੋਂ 10 ਸਿੱਖਿਆਰਥੀ ਭੇਜ ਦਿੱਤੇ ਜਾਂਦੇ ਹਨ ਜਦੋਂ ਕਿ ਸਬੰਧਤ ਸਕੂਲਾਂ ਦੇ ਵਿੱਚ ਨਾ ਤਾਂ ਇਹਨਾਂ ਸਿੱਖਿਆਰਥੀਆਂ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਇਹਨਾਂ ਨੂੰ ਬਿਠਾਉਣ ਲਈ ਜਗ੍ਹਾ ਹੁੰਦੀ ਹੈ। ਵੇਖਣ ਵਿੱਚ ਆਇਆ ਹੈ ਕਿ ਇਹਨਾਂ ਸਿੱਖਿਆਰਥੀਆਂ ਨੂੰ ਅਲਾਟ ਕੀਤੇ ਗਏ ਸਕੂਲ ਸਿੱਖਿਆਰਥੀਆਂ ਦੀ ਸੁਵਿਧਾ ਅਨੁਸਾਰ ਉਹਨਾਂ ਦੇ ਕਾਲਜਾਂ ਜਾਂ ਸ਼ਹਿਰਾਂ ਦੇ ਨੇੜੇ ਹੁੰਦੇ ਹਨ। ਇਹਨਾਂ ਸਕੂਲਾਂ ਦੇ ਵਿੱਚ ਲਗਾਈ ਜਾਣ ਵਾਲੀ ਟ੍ਰੇਨਿੰਗ ਸਿਰਫ ਸਬੰਧਤ **B.Ed/E.T.T.(D.El.Ed.)** ਕਾਲਜਾਂ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦੇ ਹੋਏ